(This question paper contains **2** printed pages)

Roll. No. ______________

Sl. No. of Question Paper : 3743

Unique Paper Code : 62121101

Name of the Paper : DSC – 1 (Punjabi Discipline)

Name of the Course : BA (Prog.)

Semester : I

FC

Duration : 3 Hours Max. Marks : 75

**ਨੋਟ : ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।**

1. ਕਹਾਣੀ ਦੇ ਨਿਕਾਸ ਤੇ ਵਿਕਾਸ ਬਾਰੇ ਵਿਸਤਾਰ ਨਾਲ ਚਰਚਾ ਕਰੋ ? 15

ਜਾਂ

ਹੇਠ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਦਾ ਵਿਸ਼ੇਗਤ ਅਧਿਐਨ ਕਰੋ :

i. ਲੁਕਣ-ਮੀਚੀ,

ii. ਦੂਜਾ ਵਿਆਹ

iii. ਬਾਗਾਂ ਦਾ ਰਾਖਾ

iv. ਰੱਬ ਦੀ ਮੌਤ

2. ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ **ਦੋ** ਦਾ ਸੰਖੇਪ ਉੱਤਰ ਦਿਉ : 5X2=10

i. ਭੁਲੇਖਾ ਕਹਾਣੀ ਦੇ ਮੁੱਖ ਪਾਤਰ ਦੀਆਂ ਕੋਈ **ਪੰਜ** ਵਿਸ਼ੇਸ਼ਤਾਵਾਂ ਲਿਖੋ?

ii. 'ਦੂਜਾ-ਵਿਆਹ' ਕਹਾਣੀ ਦੀ ਨਾਇਕਾ ਕ੍ਰਿਸ਼ਨਾ ਕਿਹੋ ਜਿਹੀ ਪਾਤਰ ਹੈ? ਕਹਾਣੀ ਦੇ ਸਿਰਲੇਖ ਨਾਲ ਉਸ ਦਾ ਕੀ ਸੰਬੰਧ ਹੈ?

iii. 'ਬਾਗਾਂ ਦਾ ਰਾਖਾਂ' ਕਹਾਣੀ ਸਮਾਜ ਦੇ ਕਿਸ ਵਰਗ ਉੱਪਰ ਵਿਅੰਗ ਕਰਦੀ ਹੈ ਅਤੇ ਕਿਉਂ?

3. ਪੰਜਾਬੀ ਸੂਫ਼ੀ-ਕਵੀਆਂ ਨੇ ਇਸ਼ਕ ਤੇ ਮੁਹੱਬਤ ਨੂੰ ਕਿਵੇਂ ਪਰਿਭਾਸ਼ਤ ਕੀਤਾ ਹੈ? ਉਦਾਹਰਣ ਦੇ ਕੇ ਸਮਝਾਉ। 15

ਜਾਂ

'ਪੰਜਾਬੀ ਸੂਫ਼ੀ ਕਾਵਿ-ਸੁਰਾਂ' ਪਾਠ ਪੁਸਤਕ ਵਿਚੋਂ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੀ ਸੂਫ਼ੀ ਵਿਚਾਰਧਾਰਾ ਉਪਰ ਰੌਸ਼ਨੀ ਪਾਉ।

4. ਹੇਠ ਦਿੱਤੇ ਪ੍ਰਸ਼ਨਾਂ ਵਿਚੋਂ **ਦੋ** ਦੇ ਸੰਖੇਪ ਉੱਤਰ ਦਿਉ : 5X2=10

i) ਬਾਬਾ ਫ਼ਰੀਦ ਜੀ ਦੀ ਕਿੰਨੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ?

ii) ਬੁੱਲ੍ਹੇ ਸ਼ਾਹ ਦੀ ਸੂਫ਼ੀ ਵਿਚਾਰਧਾਰਾ ਉੱਪਰ ਰੌਸ਼ਨੀ ਪਾਉ।

iii)ਹੇਠ ਦਿੱਤੇ ਕਾਵਿ-ਬੰਦਾਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਵਾਲਹੁ ਨਿੱਕੀ ਪੁਰਸਲਾਤ ਕੰਨੀ ਨ ਸੁਣੀਆਇ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪ ਮੁਹਾਇ॥

ਜਾਂ

ਵੇਦ ਕੁਰਾਨਾ ਪੜ੍ਹ-ਪੜ੍ਹ ਥਕੇ,
ਸਿੱਜਦੇ ਕਰਦਿਆਂ ਘਿਸ ਗਏ ਮੱਥੇ,
ਜਿਸ ਪਾਇਆ ਤਿਸ ਨੂਰ ਅਨਵਾਰ
ਇਸ਼ਕ ਦੀ ਨਵੀਂਓ ਨਵੀਂ ਬਹਾਰ।

5. ਹੇਠ ਲਿਖੇ ਛੰਦਾਂ ਵਿਚੋਂ ਕਿਸੇ **ਇਕ** ਬਾਰੇ ਉਦਾਹਰਣ ਸਹਿਤ ਲਿਖੋ : 05

ਕਬਿਤ, ਦੋਹਿਰਾ, ਬੈਂਤ



P.T.O

6. ਦਿੱਤੇ ਗਏ ਵਿਸ਼ਿਆਂ ਵਿਚੋਂ ਕਿਸੇ **ਇਕ** ਵਿਸ਼ੇ ਤੇ ਪੈਰ੍ਹਾ ਰਚਨਾ ਲਿਖੋ : **10**

i) ਕਰ ਮਜ਼ੂਰੀ ਖਾ ਚੂਰੀ

ii) ਸਮੇਂ ਦਾ ਮਹੱਤਵ

iii) ਅਜੋਕੀ ਇਸਤਰੀ ਸੁਰੱਖਿਆ

7. ਹੇਠ ਲਿਖੇ ਸ਼ਬਦਾਂ ਵਿਚੋਂ ਕਿਸੇ **ਪੰਜ** ਸ਼ਬਦਾਂ ਦੇ ਪੰਜਾਬੀ ਰੂਪ ਲਿਖੋ : **05**

Theory, Cooperation, Academy, Author, Concept, Principle, Management.

8. ਹੇਠ ਦਿੱਤੇ ਅਖਾਣਾਂ ਵਿਚੋਂ ਕਿਸੇ ਪੰਜ ਦੇ ਅਰਥ ਲਿਖ ਕੇ ਵਾਕ ਬਣਾਓ : **05**

ਸੋ ਸੁਨਿਆਰ ਦੀ ਇਕ ਲੁਹਾਰ ਦੀ,
ਊਠ ਦੇ ਗਲ ਟੱਲੀ,
ਉੱਚੀ ਦੁਕਾਨ ਫਿੱਕਾ ਪਕਵਾਨ,
ਬਗਲ ਵਿਚ ਛੁਰੀ ਤੇ ਮੂੰਹ ਵਿਚ ਰਾਮ ਰਾਮ
ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ,
ਉਖਲੀ ਵਿਚ ਸਿਰ ਦਿੱਤਾ ਤਾਂ ਮੁਹਲਿਆਂ ਦਾ ਕੀ ਡਰ
ਹਾਥੀ ਦੇ ਦੰਦ ਖਾਣ ਦੇ ਹੋਰ, ਵਿਖਾਣ ਦੇ ਹੋਰ,